Homework 3~23~2019

Read Below Essay about ਘੜੀ and write in your own words .

## 17. ਘੜੀ

ਮੇਰੇ ਚਾਚਾ ਜੀ ਨੇ ਮੇਰੇ ਜਨਮ ਦਿਨ 'ਤੇ ਮੈਨੂੰ ਇਕ ਘੜੀ ਦਿੱਤੀ। ਇਹ ਵਕਤ ਦੱਸਦੀ ਹੈ। ਇਸ ਦੇ ਦੋ ਹਿੱਸੇ ਹਨ—ਇਕ ਡਾਇਲ ਤੇ ਦੂਜਾ ਮਸ਼ੀਨ। ਡਾਇਲ ਗੋਲ ਹੈ। ਇਸ 'ਤੇ ਇਕ ਤੋਂ ਲੈ ਕੇ 12 ਤਕ ਅੰਕ ਹਨ। ਹਰ ਇਕ ਅੰਕ ਇਕ ਦੂਜੇ ਤੋਂ ਇਕੋ-ਜਿਹੀ ਵਿੱਥ 'ਤੇ ਹੈ ਜੋ ਪੰਜ ਬਰਾਬਰ ਭਾਗਾਂ ਵਿਚ ਵੰਡਿਆ ਹੋਇਆ ਹੈ। ਵਿਚਕਾਰ ਘੰਟੇ ਅਤੇ ਮਿੰਟ ਦੀਆਂ ਸੂਈਆਂ ਹਨ। ਘੰਟੇ ਦੀ ਸੂਈ ਛੋਟੀ ਹੈ ਅਤੇ ਮਿੰਟ ਦੀ ਵੱਡੀ। ਇਹਨਾਂ ਉੱਪਰ ਇਕ ਹੋਰ ਪਤਲੀ ਲੰਮੀ ਸੂਈ ਹੈ। ਉਹ ਸਕਿੰਟਾਂ ਦੀ ਹੈ।



ਘੜੀ ਦੇ ਸੱਜੇ ਪਾਸੇ ਚਾਬੀ ਹੁੰਦੀ ਹੈ। ਕਈ ਘੜੀਆਂ ਨੂੰ ਬਾਰਾਂ ਘੰਟਿਆਂ ਮਗਰੋਂ ਰੋਜ਼ ਚਾਬੀ ਦੇਣੀ ਪੈਂਦੀ ਹੈ। ਜਿੰਨੇ ਚਿਰ ਵਿਚ ਘੰਟੇ ਦੀ ਸੂਈ ਇਕ ਅੰਕ ਤੋਂ ਦੂਜੇ ਅੰਕ ਤਕ ਆਉਂਦੀ ਹੈ, ਉਨੇ ਚਿਰ ਵਿਚ ਮਿੰਟ ਦੀ ਸੂਈ ਪੂਰਾ ਚੱਕਰ ਕੱਟ ਕੇ ਬਾਰਾਂ 'ਤੇ ਆ ਜਾਂਦੀ ਹੈ। ਇਸ ਤਰ੍ਹਾਂ ਇਕ ਘੰਟਾ ਬੀਤ ਜਾਂਦਾ ਹੈ।

ਮੇਰੀ ਘੜੀ ਗੁੱਟ 'ਤੇ ਬੰਨ੍ਹਣ ਵਾਲੀ ਹੈ ਤੇ ਗੋਲ ਸ਼ਕਲ ਦੀ ਹੈ। ਇਸ 'ਤੇ ਰੇਡੀਅਮ ਲੱਗਾ ਹੋਇਆ ਹੈ। ਇਸ ਲਈ ਹਨੇਰੇ ਵਿਚ ਵੀ ਵਕਤ ਦਿਸਦਾ ਹੈ।

ਕਈ ਘੜੀਆਂ ਚੌਰਸ ਅਤੇ ਅੰਡਾਕਾਰ ਸ਼ਕਲ ਦੀਆਂ ਵੀ ਹੁੰਦੀਆਂ ਹਨ। ਬਹੁਤੀਆਂ ਘੜੀਆਂ ਆਟੋਮੈਟਿਕ ਹੁੰਦੀਆਂ ਹਨ। ਇਹਨਾਂ ਨੂੰ ਚਾਬੀ ਨਹੀਂ ਦੇਣੀ ਪੈਂਦੀ। ਇਹਨਾਂ ਵਿਚ ਦਿਨ, ਵਾਰ ਤੇ ਤਾਰੀਖ਼ ਵੀ ਹੁੰਦੀ ਹੈ ਜੋ ਹਰ ਰੋਜ਼ ਆਪਣੇ ਆਪ ਬਦਲ ਜਾਂਦੀ ਹੈ। ਅੱਜ ਕੱਲ੍ਹ ਅਜਿਹੀਆਂ ਘੜੀਆਂ ਵੀ ਬਣ ਗਈਆਂ ਹਨ ਜਿਨ੍ਹਾਂ ਦੇ ਡਾਇਲ 'ਤੇ ਕੋਈ ਅੰਕ ਨਹੀਂ, ਕੋਈ ਸੂਈ ਨਹੀਂ ਬਸ ਚਾਬੀ ਦਬਾਓ ਤੇ ਪੂਰਾ ਠੀਕ ਵਕਤ, ਮਿੰਟਾਂ ਤਕ, ਸਾਹਮਣੇ ਡਾਇਲ 'ਤੇ ਆ ਜਾਂਦਾ ਹੈ। ਘੜੀ ਕੀ ਹੈ, ਇਕ ਅਜੂਬਾ ਹੈ।

ਅੱਜਕੱਲ੍ਹ ਕੀ ਛੋਟਾ ਕੀ ਵੱਡਾ, ਹਰ ਕੋਈ ਗੁੱਟ 'ਤੇ ਘੜੀ ਬੰਨ੍ਹੀ ਫਿਰਦਾ ਹੈ, ਪਰ ਵਕਤ ਦਾ ਪਾਬੰਦ ਕੋਈ-ਕੋਈ ਹੀ ਹੈ। ਮੇਰੀ ਘੜੀ ਠੀਕ ਸਮਾਂ ਦਿੰਦੀ ਹੈ। ਘੜੀ ਬੜੇ ਕੰਮ ਦੀ ਚੀਜ਼ ਹੈ।

Read below essay and practice writing in your own words

## 26. ਚਿੜੀਆ ਘਰ ਦੀ ਸੈਰ

ਗਰਮੀ ਦੀਆਂ ਛੁੱਟੀਆਂ ਸਨ। ਮੇਰੇ ਪਿਤਾ ਜੀ ਨੇ ਦਿੱਲੀ ਦਾ ਪ੍ਰੋਗਰਾਮ ਬਣਾਇਆ। ਇਕ ਦਿਨ ਦਿੱਲੀ ਦੀ ਸੈਰ ਕਰਦੇ-ਕਰਦੇ ਅਸੀਂ ਪੁਰਾਣੇ ਕਿਲ੍ਹੇ ਦੇ ਨੇੜੇ ਜਦ ਪੁੱਜੇ ਤਾਂ ਚਿੜੀਆ ਘਰ ਦੇਖਣ ਦਾ ਮੈਨੂੰ ਖ਼ਿਆਲ ਆਇਆ। ਅਸੀਂ ਟਿਕਟ ਲੈ ਕੇ ਅੰਦਰ ਪ੍ਰਵੇਸ਼ ਕੀਤਾ।

ਪਿਤਾ ਜੀ ਨੇ ਦੱਸਿਆ ਕਿ ਚਿੜੀਆ ਘਰ ਵਿਚ ਭਾਂਤ-ਭਾਂਤ ਦੇ ਜਾਨਵਰ ਤੇ ਪੰਛੀ ਰੱਖੇ ਹੋਏ ਹਨ। ਅੱਜ ਕੱਲ੍ਹ ਸੰਸਾਰ ਵਿਚ ਕਈ ਵੱਡੇ ਸ਼ਹਿਰਾਂ ਵਿਚ ਚਿੜੀਆ ਘਰ ਦੇਖੇ ਜਾਂਦੇ ਹਨ।




ਸਭ ਤੋਂ ਪਹਿਲੇ ਅਸੀਂ ਸੁੰਦਰ ਪੰਛੀ ਵੇਖੇ। ਬਤਖ਼ਾਂ ਤੇ ਬਗਲੇ ਪਾਣੀ ਵਿਚ ਅਨੰਦ ਲੈ ਰਹੇ ਸਨ। ਕਾਫ਼ੀ ਗਿਣਤੀ ਵਿਚ ਕਬੂਤਰ, ਚਿੜੀਆਂ, ਬੁਲਬੁਲਾਂ ਤੇ ਚਕੋਰ ਵੀ ਉੱਥੇ ਮੌਜੂਦ ਸਨ। ਮੋਰ ਖੰਭ ਫੈਲਾਅ ਕੇ ਆਪਣੀ ਸ਼ਾਨ ਦੱਸ ਰਿਹਾ ਸੀ। ਹਰੇ ਤੇ ਚਿੱਟੇ ਤੋਤੇ ਵੇਖ ਕੇ ਮੈਂ ਬੜਾ ਹੈਰਾਨ ਹੋਇਆ। ਇਕ ਤੋਤਾ ਗੱਲਾਂ ਕਰਦਾ ਸੀ। ਕਈ ਪੰਛੀ ਗੀਤ ਗਾ ਰਹੇ ਸਨ। ਕਈ ਬਿਰਛਾਂ ਦੀਆਂ ਟਹਿਣੀਆਂ 'ਤੇ ਟਪੂਸੀਆਂ ਮਾਰ ਰਹੇ ਸਨ। ਇਹ ਸਾਰੇ ਲੋਹੇ ਦੀਆਂ ਤਾਰਾਂ ਦੇ ਇਕ ਜੰਗਲੇ ਦੇ ਅੰਦਰ ਬੰਦ ਸਨ।

ਫਿਰ ਅਸੀਂ ਬਾਂਦਰ ਤੇ ਲੰਗੂਰ ਵੇਖੇ। ਬਾਂਦਰ ਸਾਡੇ ਵੱਲ ਮੂੰਹ ਬਣਾ ਰਹੇ ਸਨ। ਉਹ ਖ਼ੂਬ ਕੁਦਾੜੇ ਮਾਰ ਰਹੇ ਸਨ। ਸੂਰ, ਚਿੱਟੇ ਚੂਹੇ ਤੇ ਕਾਟੋ ਵੀ ਉੱਥੇ ਮੌਜੂਦ ਸਨ। ਫਿਰ ਅਸੀਂ ਸ਼ੇਰ, ਰਿੱਛ ਅਤੇ ਹਾਥੀ ਵੇਖੇ। ਇਕ ਹਾਥੀ 'ਤੇ ਬੱਚਿਆਂ ਨੂੰ ਸਵਾਰੀ ਵੀ ਕਰਾਉਂਦੇ ਸਨ। ਮੈਂ ਵੀ ਸਵਾਰੀ ਕਰਕੇ ਬੜਾ ਖ਼ੁਸ਼ ਹੋਇਆ।

ਇਕ ਪਾਸੇ ਬਹੁਤ ਵੱਡੇ ਸੱਪ ਵੇਖ ਕੇ ਮੈਂ ਡਰ ਗਿਆ। ਉਹ ਜੀਭਾਂ ਬਾਹਰ ਕੱਢਦੇ ਸਨ, ਪਰ ਦੁੱਖ ਨਹੀਂ ਸੀ ਦੇ ਸਕਦੇ ਕਿਉਂਕਿ ਉਹ ਆਪਣੀਆਂ ਥਾਵਾਂ 'ਤੇ ਬੰਦ ਸਨ। ਇਕ ਤਲਾਅ ਵਿਚ ਰੰਗ-ਬਰੰਗੀਆਂ ਮੱਛੀਆਂ ਵੇਖੀਆਂ।

ਇਕ ਵੱਖਰੀ ਥਾਂ ਅਸੀਂ ਗੈਂਡਾ ਵੀ ਵੇਖਿਆ। ਇਹ ਵੀ ਹਾਥੀ ਵਾਂਗ ਇਕ ਬਹੁਤ ਵੱਡਾ ਤੇ ਬਲਵਾਨ ਜਾਨਵਰ ਹੈ।

ਅਸੀਂ ਸਾਰੇ ਚਿੜੀਆ ਘਰ ਦੀ ਸੈਰ ਕਰਕੇ ਸ਼ਾਮ ਵੇਲੇ ਉੱਥੋਂ ਚਾਹ ਦੀ ਦੁਕਾਨ ਤੋਂ ਚਾਹ ਪੀਤੀ ਤੇ ਘਰ ਆ ਗਏ।

Gurubani and Virsa Homework

History Questions ~ 176-225

Read GURU GRANTH AND GURU PANTH ~ 5 Times and write a summary.

Read KHUDA DA GHAR ~ 5 Times and write a summary.

To all the Students ~Please practice reading JAPJI SAHIB JI on daily basis, reading shudh is very important then memorizing in wrong pronunciation.

ਮੁੱਲਾ ਜੀਵਨ ਦਾ ਗ਼ੁੱਸਾ ਇਹ ਸੁਣ ਕੇ ਹੋਰ ਵੀ ਵਧ ਗਿਆ। ਉਸਨੇ ਬੜੀ ਬੇਦਰਦੀ ਨਾਲ ਗੁਰੂ ਜੀ ਦੀਆਂ ਲੱਤਾਂ ਫੜੀਆਂ ਅਤੇ ਘਸੀਟ ਕੇ ਦੂਜੇ ਪਾਸੇ ਕਰ ਦਿੱਤੀਆਂ। ਗੁਰੂ ਜੀ ਨੇ ਕਿਹਾ, "ਮੁੱਲਾ ਜੀ, ਕੀ ਇਸ ਪਾਸੇ ਖ਼ੁਦਾ ਦਾ ਘਰ ਨਹੀਂ ?" ਮੁੱਲਾ ਜੀਵਨ ਨੇ ਜਦੋਂ ਉਸ ਪਾਸੇ ਤਕਿਆ ਤਾਂ ਉਸ ਨੂੰ ਕਾਬਾ ਉਸ ਪਾਸੇ ਵੀ ਨਜ਼ਰ ਆਇਆ। ਮੁੱਲਾ ਜੀਵਨ, ਗ਼ੁੱਸੇ ਵਿਚ ਜਿਸ ਪਾਸੇ ਗੁਰੂ ਜੀ ਦੀਆਂ ਲੱਤਾਂ ਨੂੰ ਕਰੇ ਉਸ ਪਾਸੇ ਉਸਨੂੰ ਕਾਬਾ ਨਜ਼ਰ ਆਵੇ। ਉਸਨੇ ਇਹ ਦੇਖ ਕੇ ਰੌਲਾ ਪਾ ਦਿੱਤਾ। ਸਾਰੇ ਹਾਜੀ ਜਾਗ ਪਏ। ਮੱਕੇ ਦਾ ਵੱਡਾ ਕਾਜ਼ੀ, ਰੁਕਨਦੀਨ ਵੀ ਉਸ ਥਾਂ ਆ ਗਿਆ, ਜਦੋਂ ਉਸਨੂੰ ਖ਼ਬਰ ਪੁੱਜੀ ਕਿ ਹਿੰਦ ਦੇ ਪੀਰ ਨੇ ਖ਼ੁਦਾ ਦਾ ਘਰ ਹਰ ਪਾਸੇ ਜ਼ਾਹਿਰ ਕਰ ਦਿੱਤਾ ਸੀ।

ਕਾਜ਼ੀ ਰੁਕਨਦੀਨ ਅਤੇ ਗੁਰੂ ਜੀ ਇਸ ਤਰ੍ਹਾਂ ਇੱਕ ਦੂਜੇ ਨੂੰ ਮਿਲੇ ਜਿਵੇਂ ਉਹ ਇੱਕ ਦੂਜੇ ਦੇ ਸਦੀਆਂ ਤੋਂ ਵਾਕਿਫ਼ ਹੋਣ। ਕਾਜ਼ੀ ਰੁਕਨਦੀਨ ਨੇ ਦੂਜਿਆਂ ਦੇ ਮਨ ਦਾ ਸ਼ੰਕਾ ਦੂਰ ਕਰਨ ਲਈ ਗੁਰੂ ਜੀ ਨੂੰ ਪੁੱਛਿਆ, "ਖ਼ੁਦਾ ਦੇ ਦਰਬਾਰ ਵਿਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ ?" ਗੁਰੂ ਜੀ ਨੇ ਉੱਤਰ ਦਿੱਤਾ, "ਖ਼ੁਦਾ ਦੇ ਦਰ ਉੱਪਰ ਨੇਕ ਕਰਮ ਪ੍ਰਵਾਨ ਹਨ। ਉਸਦੇ ਦਰਬਾਰ ਵਿਚ ਨੇਕ ਕਰਮਾਂ ਬਿਨਾਂ ਨਾ ਹਿੰਦੂ ਲਈ ਕੋਈ ਥਾਂ ਹੈ ਅਤੇ ਨਾ ਹੀ ਮੁਸਲਮਾਨ ਲਈ।" ਇਹ ਉੱਤਰ ਸੁਣ ਕੇ ਹਾਜੀਆਂ ਨੇ ਗੁਰੂ ਜੀ ਨੂੰ ਹੋਰ ਬਹੁਤ ਸਵਾਲ ਕੀਤੇ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਦੇ ਮਨਾਂ ਦੇ ਸ਼ੰਕੇ ਦੂਰ ਕੀਤੇ। ਜਦੋਂ ਗੁਰੂ ਜੀ ਮਦੀਨੇ ਵੱਲ ਜਾਣ ਲਈ ਤਿਆਰ ਹੋਏ ਤਾਂ ਕਾਜ਼ੀ ਰੁਕਨਦੀਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਮੱਕੇ ਵਿਖੇ, ਆਪਣੇ ਆਉਣ ਦੀ ਯਾਦ ਵਿਚ ਕੋਈ ਨਿਸ਼ਾਨੀ ਛੱਡ ਜਾਣ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਕੇ ਆਪਣੇ ਪੌਲੇ ਕਾਜ਼ੀ ਰੁਕਨਦੀਨ ਨੂੰ ਦੇ ਦਿੱਤੇ।

Read below Essay and write in your own words

# ਬਸੰਤ ਰੁੱਤ

ਭਾਰਤ ਰੁੱਤਾਂ ਦਾ ਦੇਸ਼ ਹੈ। ਇੱਥੇ ਆਪਣੀ-ਆਪਣੀ ਵਾਰੀ ਨਾਲ ਛੇ ਰੁੱਤਾਂ ਆਉਂਦੀਆਂ ਹਨ। ਇਨ੍ਹਾਂ ਸਾਰੀਆਂ ਵਿਚ ਬਸੰਤ ਰੁੱਤਾਂ ਦੀ ਰਾਣੀ ਹੈ। ਇਹ ਰੁੱਤ ਸਭ ਰੁੱਤਾਂ ਤੋਂ ਵਧੇਰੇ ਹਰਮਨ-ਪਿਆਰੀ ਹੈ। ਜਦੋਂ ਸਾਰੇ ਲੋਕ ਪਾਲੇ ਨਾਲ ਕੰਬ ਰਹੇ ਹੁੰਦੇ ਹਨ, ਤਾਂ ਉਨ੍ਹਾਂ ਦੀਆਂ ਅੱਖਾਂ ਬਸੰਤ ਤੇ ਲੱਗੀਆਂ ਹੁੰਦੀਆਂ ਹਨ ਕਿ ਕਦੋਂ ਬਸੰਤ ਦਾ ਦਿਨ ਆਵੇ ਤੇ ਪਾਲੇ ਦੇ ਜਾਣ ਦਾ ਯਕੀਨ ਬਣੇ। ਬਸੰਤ ਰੁੱਤ ਆਉਣ 'ਤੇ ਲੋਕ ਸੁਖ ਦਾ ਸਾਹ ਲੈਂਦੇ ਹਨ ਤੇ ਉਹ ਬੜੇ ਪ੍ਰਸੰਨ ਹੁੰਦੇ ਹਨ।ਹਰ ਕੋਈ ਸਮਝਦਾ ਹੈ ਕਿ ਹੁਣ ਖੁੱਲ੍ਹੀ , ਨਿੱਘੀ ਤੇ ਹਰ ਇਕ ਨੂੰ ਨਵਾਂ ਰੂਪ ਦੇਣ ਵਾਲੀ ਰੁੱਤ ਆ ਗਈ ਹੈ।

**ਖ਼ੁਸ਼ੀਆਂ ਦਾ ਪ੍ਰਗਟਾਵਾ-**ਬਸੰਤ ਪੰਚਮੀ ਦਾ ਸਵਾਗਤ ਕਰਨ ਲਈ ਥਾਂ-ਥਾਂ 'ਤੇ ਵਿਸ਼ੇਸ਼ ਪ੍ਰਕਾਰ ਦੇ ਸਮਾਗਮ ਹੁੰਦੇ ਹਨ। ਇਸ ਦਿਨ ਮੇਲੇ ਲਗਦੇ ਹਨ ।ਖਿਡੌਣਿਆਂ ਤੇ ਮਠਿਆਈਆਂ ਦੀਆਂ ਦੁਕਾਨਾਂ ਸਜਦੀਆਂ ਹਨ। ਲੋਕ ਬਸੰਤੀ ਰੰਗ ਦੇ ਕੱਪੜੇ ਪਾਉਂਦੇ। ਹਨ | ਬਸੰਤੀ ਰੰਗ ਦੀਆਂ ਪੱਗਾਂ ਬੰਦੇ ਹਨ | ਘਰ-ਘਰ ਬਸੰਤੀ ਹਲਵਾ, ਚਾਵਲ ਅਤੇ ਕੇਸਰੀ ਰੰਗ ਦੀ ਖੀਰ ਬਣਾਈ ਜਾਂਦੀ ਹੈ। ਬੱਚੇ ਅਤੇ ਜਵਾਨ ਪਤੰਗਬਾਜ਼ੀ ਕਰਦੇ ਹਨ। ਪੀਲੇ ਰੰਗ ਦੇ ਪਤੰਗਾਂ ਨੂੰ ਰੰਗ-ਬਰੰਗੀਆਂ ਡੋਰਾਂ ਨਾਲ ਆਕਾਸ਼ ਵਿਚ ਉਡਾ ਕੇ ਆਪਣਾ ਮਨ ਬਹਿਲਾਉਂਦੇ ਹਨ | ਮੇਲਿਆਂ ਵਿੱਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਅਤੇ ਹੋਰ ਖੇਡ-ਤਮਾਸ਼ਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਬੱਚੇ ਤੇ ਕੁੜੀਆਂ ਪੰਘੂੜੇ ਝੂਟਦੇ ਹਨ।